## ਰੇਡੀਓ ਲੜੀਵਾਰ- ਟਿਕਾਊ ਵਿਕਾਸ

## ਕੜੀ-2, ਟਿਕਾਊ ਵਿਕਾਸ ਲਹਿਰ ਦੀ ਸਵਾਰੀ **( Riding a Sustainable Wave)**

ਲੇਖਕ: ਮਾਨਸ ਪ੍ਰੀਤਮਦਾਸ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

([In this episode, the first dramatized one of the series on sustainable development, we follow two bikers, Arun and Sekhar, as they speed through some unknown landscape and come across people of various standing. The people they meet bring up the issue of damage to nature and the ways to achieve sustainable development. The discussion swings from small talk to discussing exemplary concepts. Through all these, the listeners get to the essence of sustainability.)

### ਪਾਤਰ

ਇਸਤਰੀ ਸੂਤਰਧਾਰ
ਪੁਰਸ਼ ਸੂਤਰਧਾਰ
ਅਰਜੁਨ: ਕਾਲਜ ਪੜ੍ਹਦਾ ਵਿਦਿਆਰਥੀ ਉਮਰ 18-20 ਸਾਲ
ਹਰਜਿੰਦਰ: ਅਰਜੁਨ ਦਾ ਜਮਾਤੀ
ਮੰਗਲੂ : ਇੱਕ ਫਕੀਰ ਨੁਮਾ ਬਜੁਰਗ

ਕਰਤਾਰ: ਟਰੱਕ ਡਰਾਈਵਰ

ਗਗਨ : ਟਰੱਕ ਦਾ ਕਲੀਨਰ

ਅਰਵਿੰਦ : ਇੱਕ ਮਾਨਵ ਵਿਗਿਆਨੀ

ਚਾਹ ਵਾਲਾ

### ਸੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਟਿਕਾਊ ਵਿਕਾਸ ਲਹਿਰ ਦੀ ਸਵਾਰੀ**

(ਸੰਗੀਤ...)

**ਐਲਾਨ ਔਰਤ ਸੂਤਰਧਾਰ** : ਇਹ ਅਕਾਸ਼ਵਾਣੀ ਜਲੰਧਰ ਹੈ । ਅਸੀਂ ਲੈਕੇ ਆਏ ਹਾਂ ਲੜੀਵਾਰ ਟਿਕਾਊ ਵਿਕਾਸ ਦੀ ਦੂਜੀ ਕੜੀ "**ਟਿਕਾਊ ਵਿਕਾਸ ਲਹਿਰ ਦੀ ਸਵਾਰੀ**" ਸ੍ਰੋਤਿਓ ! ਇਸ ਨਵੇਂ ਵਿਗਿਆਨ ਲੜੀਵਾਰ ਦੀ ਪਹਿਲੀ ਕੜੀ ਵਿੱਚ ਤੁਸੀਂ ਸੁਣਿਆ ਸੀ ਸਾਡੇ ਆਧੁਨਿਕ ਵਿਕਾਸ ਮਾਡਲ ਦੀਆਂ ਚੁਣੌਤੀਆਂ , ਕੁਦਰਤ ਤੇ ਕੁਦਰਤੀ ਸਾਧਨਾਂ ਦਾ ਵਿਨਾਸ , ਵਧਦੀਆਂ ਮਨੁੱਖੀ ਲੋੜਾਂ ਤੇ ਮੁੱਕਦੇ ਜਾਂਦੇ ਕੁਦਰਤੀ ਸ੍ਰੋਤ ! ਸੁਣਿਆ ਸੀ ਕਿ ਕਿਵੇਂ ਸੱਠਵਿਆਂ ਵਿੱਚ ਹੀ ਸਾਨੂੰ ਵਿਕਾਸ ਦੇ ਇਸ ਖਪਤਕਾਰੀ ਮਾਡਲ ਦੇ ਬੁਰੇ ਪ੍ਰਭਾਵਾਂ ਦਾ ਹੋ ਗਿਆ ਸੀ ਆਭਾਸ ! ਸੋਚਨਾ ਅਸੀਂ ਸੁਰੂ ਕਰ ਦਿੱਤਾ ਸੀ

ਵਿਕਲਪਾਂ ਬਾਬਤ ! ਸੁਣਿਆ ਸੀ ਕਿ ਕਿਵੇਂ 1972 ਦੇ ਮਨੁੱਖੀ ਪਰਿਵਰਣ ਤੇ ਹੋਏ ਅੰਤਰਰਾਸਟਰੀ ਸੰਮੇਲਨ ਤੋਂ ਬਾਅਦ 1992 ਵਿੱਚ ਹੋਇਆ ਰੀਓ ਡੀ ਜਨੈਰੋ ਦਾ ਅੰਤਰ ਰਾਸਟਰੀ ਸੰਮੇਲਨ ਵਾਤਾਵਰਣ ਬਾਬਤ ! ਸੁਣਿਆ ਸੀ ਕਿ ਕੀਤੇ ਗਏ ਸਨ ਅਹਿਦ, ਵਿਕਾਸ ਦੀ ਦਿਸ਼ਾ ਨੂੰ ਮੋੜਾ ਦੇ ਕੇ ਵਾਤਾਵਰਣ ਨੂੰ ਬਚਾਉਣ ਦੇ ਤੇ ਟਿਕਾਊ ਵਿਕਾਸ ਵੱਲ ਵਧਣ ਦੇ ! ਹੁਣ ਤਾਂ ਟਿਕਾਊ ਵਿਕਾਸ ਬਣ ਚੁਕਿਆ ਹੈ ਇੱਕ ਉਦੇਸ਼ , ਅੰਤਰ ਰਾਸਟਰੀ ਪੱਧਰ ਤੇ ਵੀ । ਇਸ ਨਵੀਂ ਕੜੀ " ਟਿਕਾਊ ਵਿਕਾਸ ਲਹਿਰ ਦੀ ਸਵਾਰੀ" ਦੀ ਪੇਸ਼ਕਾਰੀ ਅਸੀਂ ਕਰ ਰਹੇ ਹਾਂ ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਦੇ ਨਾਲ। ਸੁਣੋ ਤੇ ਸਮਝੋ ਟਿਕਾਊ ਵਿਕਾਸ ਦੀ ਇਸ ਦੂਜੀ ਕੜੀ ਨੂੰ, "**ਟਿਕਾਊ ਵਿਕਾਸ ਲਹਿਰ ਦੀ ਸਵਾਰੀ**" ।

**ਸੰਗੀਤ**

**ਐਲਾਨ ਮਰਦ ਸੂਤਰਧਾਰ** : ਹਾਂ ਜੀ ! ਸ੍ਰੋਤਿਓ ! ਪੇਸ਼ ਹੈ , ਆਕਾਸ਼ਵਾਣੀ ਜਲੰਧਰ (ਆਲ ਇੰਡੀਆ ਰੇਡਿਓ) ਵੱਲੋਂ ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਨਾਲ , ਵਿਗਿਆਨ ਲੜੀਵਾਰ "ਟਿਕਾਊ ਵਿਕਾਸ" ਦੀ ਦੂਜੀ ਕੜੀ।

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ)**

**ਔਰਤ ਸੂਤਰਧਾਰ:** ਜੀ ਆਇਆਂ ਨੂੰ ! ਸੁਆਗਤ ਹੈ ਸਾਡੇ ਸਾਰੇ ਸ੍ਰੋਤਿਆਂ ਦਾ ਅੱਜ ਦੀ ਇਸ ਕੜੀ ਵਿੱਚ ਹੈ! ਵਿਗਿਆਨ ਲੜੀਵਾਰ "ਟਿਕਾਊ ਵਿਕਾਸ" ਦੀ ਦੂਜੀ ਕੜੀ "**ਟਿਕਾਊ ਵਿਕਾਸ ਲਹਿਰ ਦੀ ਸਵਾਰੀ**" ਵਿੱਚ !

**ਮਰਦ ਸੂਤਰਧਾਰ:** ਹਾਂ ਜੀ ! ਪ੍ਰਵਾਣ ਕਰਨਾ ਨਮਸ਼ਕਾਰ ਮੇਰੇ ਵੱਲੋਂ ਵੀ ! ਲਓ ਜੀ ਸੁਣੋ ਹੁਣ ਧਿਆਨ ਨਾਲ ਸਾਡਾ ਇਹ ਬਿਆਨ ! ਕਰ ਲਓ ਇਕਾਗਰ ਬ੍ਰਿਤੀਆਂ ! ਆ ਰਿਹਾ ਹੈ ਅੱਜ ਦਾ ਸਾਡਾ ਰੇਡੀਓ ਨਾਟਕ "**ਟਿਕਾਊ ਵਿਕਾਸ ਲਹਿਰ ਦੀ ਸਵਾਰੀ**" !

( ਕੜੀ ਦੀ ਸੁਰੂਆਤ ਹੁੰਦੀ ਹੈ, ਦੋ ਮੋਟਰ ਸਾਈਕਲ ਸਵਾਰ ! ਇਕੱਠੇ ਚੱਲ ਰਹੇ ਨੇ ਹੌਲੀ -ਹੌਲੀ ! ਬਠਿੰਡਾ-ਤਲਵੰਡੀ ਸਾਬੋ ( ਦਮਦਮਾ ਸਾਹਿਬ ) ਸੜਕ ਤੇ ! ਕਰ ਰਹੇ ਨੇ ਵਾਰਤਾਲਾਪ ਗੱਲਾਂ ਬਾਤਾਂ , ਗੁਫਤਗੂ ਆਪਸ ਵਿੱਚ ! )

**ਅਰਜੁਨ :** ਟਾਈਮ ਕੀ ਹੋ ਗਿਆ ਹਰਜਿੰਦਰ !

**ਹਰਜਿੰਦਰ:** ਸਾਢੇ ਅੱਠ ! ਮੋਟਰ ਸਾਈਕਲ ਤੇ ਚਲਦਿਆਂ ਨੂੰ ਤਾਂ ਸਾਨੂੰ ਦੋ ਘੰਟਿਆਂ ਤੋਂ ਵੀ ਵੱਧ ਸਮਾ ਹੋ ਗਿਆ ਹੈ !

**ਅਰਜੁਨ:** ਕੀ ਗੱਲ ? ਥੱਕ ਗਿਆ ?

**ਹਰਜਿੰਦਰ:** ਨਹੀਂ ਦੋਸਤ! ਥੱਕਣ ਥਕਾਉਣ ਦੀ ਤਾਂ ਕੋਈ ਗੱਲ ਨਹੀਂ ! ਮੈਂ ਤਾਂ ਬੱਸ ਸੋਚ ਰਿਹਾ ਹਾਂ ਕਿ ਕਿੰਨਾ ਬੰਜਰ ਹੋਇਆ ਪਿਆ ਹੈ ਆਹ ਇਲਾਕਾ !

**ਅਰਜੁਨ:**ਹਾਂ ਦੋਸਤ!ਹਰਿਆਲੀ ਤਾਂ ਨਾ-ਮਾਤਰ ਹੀ ਐ!ਪਿਛਲੇ ਇੱਕ ਘੰਟੇ ਤੋਂ ਕੋਈ ਟੋਭਾ ਵੀ ਨਹੀਂ ਨਜ਼ਰ ਆਇਆ !

**ਹਰਜਿੰਦਰ:** ਬੱਸ ਮੈਂ ਵੀ ਇਹੀ ਕਹਿ ਰਿਹਾ ਸੀ ! ਲੱਗਦਾ ਹੈ ਇਹ ਜਗ੍ਹਾ ਤਾਂ ਜਲਦੀ ਹੀ ਬਣ ਜਾਵੇਗੀ ਮਾਰੂਥਲ !

**ਅਰਜੁਨ:** ਸਾਡੇ ਨਕਸ਼ੇ ਤੇ ਇੱਕ ਹੋਰ ਮਾਰੂਥਲ ? ਸਕੂਲੀ ਬੱਚਿਆਂ ਦੀ ਸ਼ਾਮਤ ! ਉਨ੍ਹਾਂ ਲਈ ਤਾਂ ਘੋਟਾ ਲਗਾ ਕੇ ਵੀ

ਯਾਦ ਕਰਨਾ  ਔਖਾ ਹੋ ਜਾਵੇਗਾ ! ( ਹੱਸਦੇ ਨੇ )

**ਹਰਜਿੰਦਰ:** ਬਿਲਕੁੱਲ ਦਰੁਸਤ !(ਹੱਸਦੇ ਹੋਏ) ਕਿਸੇ ਹੋਰ ਤੋਂ ਪਹਿਲਾਂ ਆਓ ਇਸਦਾ ਕੋਈ ਨਾਮ ਹੀ ਰੱਖ ਦੇਈਏ ਦੋਸਤ !

**ਅਰਜੁਨ:** ਵਾਹ! ਖਿਆਲ ਤੇ ਅੱਛਾ ਹੈ ਗਾਲਬ! ਚਲੋ ! ਆਪਾਂ ਇਸ ਮਾਰੂਥਲ ਦਾ ਨਾਮ ਰੱਖਦੇ ਹਾਂ ਅਰਜੁਨ-ਹਰਜਿੰਦਰ ਮਾਰੂਥਲ !

**ਹਰਜਿੰਦਰ:** ਦੋਸਤ! ਐਨਾ ਖੁਦਗਰਜ ਤਾਂ ਨਾ ਬਣ!ਮੈਤੋਂ ਪਹਿਲਾਂ ਤੇਰਾ ਨਾਮ ਕਿਉਂ ਬਈ? (ਦੋਵੇਂ ਹਸਦੇ ਨੇ  ਪਰ ਚਲੋ ! ਮੈਨੂੰ ਤਾਂ ਤੇਹ ਲੱਗੀ ਐ !  ਬਹੁਤ ਜਿਆਦਾ ! ਆਓ ਪਲ ਦੋ ਪਲ ਰੁਕ ਜਾਈਏ !

**ਅਰਜੁਨ:** ਅੱਛਾ ! ਥੋਹੜਾ ਰੁਕਣ ਨੂੰ ਮਨ ਕਰਦਾ ਐ ? ਔਹ ਵੇਖੋ ! ਪਰਲੇ ਪਾਸੇ ਇੱਕ ਵੱਡਾ ਰੁੱਖ ! ਪਤਾ ਨਹੀਂ ਇਹ ਇਸ ਰੋਹੀ - ਬੀਆਬਾਨ ਵਿੱਚ ਬਚ ਕਿਵੇਂ ਗਿਆ? ਪਰ ਚਲੋ! ਸਾਨੂੰ ਤਾਂ ਥੋਹੜੀ ਬਹੁਤੀ ਛਾਂ ਮਿਲ ਹੀ ਜਾਵੇਗੀ! ਆਉ ਚੱਲੀਏ ਉਸ ਦੇ ਹੇਠ !

( ਦੋਵੇਂ ਪੇੜ ਵੱਲ ਨੂੰ ਜਾਂਦੇ ਨੇ )

**ਅਰਜੁਨ:** ਹਰਜਿੰਦਰ ! ਵੇਂਹਦਾ ਐਂ ! ਉਹ ਵੇਖ ! ਪੇੜ ਦੇ ਨੀਚੇ ਕੋਈ ਬੈਠਾ ਐ ! ...... ਇੱਕ ਦੁਬਲਾ-ਪਤਲਾ ਆਦਮੀ ! ਕੋਈ ਸਾਧੂ-ਮਹਾਤਮਾ ਲੱਗਦਾ ਐ !

**ਹਰਜਿੰਦਰ:** ਸਾਧੂ?ਮਹਾਤਮਾ?ਉਹ ਤਾਂ ਜੋਤਸ਼ ਵਿਦਿਆ ਵੀ ਜਣਦਾ ਹੋਵੇਗਾ!ਮੈਂ ਪੁਛਾਂਗਾ ਕਿ ਮੇਰੇ ਵਪਾਰ ਦਾ ਕੀ ਬਣੇਗਾ?

**ਅਰਜੁਨ:** ਹੈਂ ! ਤੈਨੂੰ ਅਜੇ ਵੀ ਜੋਤਸ਼ ਵਗੈਰਾ ਤੇ ਯਕੀਨ ਐ ? ਤੈਨੂੰ ਕਿੰਨੇ ਵਾਰੀ ਸਮਝਾਇਆ ਐ ਦੋਸਤ !  ਆਹ ਜੋਤਸ਼ ਵਗੈਰਾ ਕੁੱਝ ਨਹੀਂ ਹੁੰਦਾ । ਐਵੇਂ ਲੋਕਾਂ ਨੂੰ ਬੁਧੂ ਬਣਾਉਣ ਦੇ ਚਾਲੇ ਨੇ !

**ਹਰਜਿੰਦਰ :** ਯਾਰ ਤੂੰ ਕਿਉਂ ਮਨ ਤੇ ਬੋਝ ਪਾਉਂਦਾ ਐਂ ? ਮੈਂ ਤੈਨੂੰ ਤਾਂ ਨਹੀਂ ਕਹਿੰਦਾ ਪੁੱਛਾ ਲੈਣ ਦੇ ਲਈ ? ਮੇਰਾ ਮਨ ਕਰਦਾ ਹੈ ! ਮੈਨੂੰ ਪੁੱਛਣ ਤੋਂ ਕਿਉਂ ਰੋਕ ਰਿਹਾ ਐਂ ? (ਇੰਜਣ ਰੁਕਦਾ ਐ ! ਦੋਵੇਂ ਉਤਰਦੇ ਨੇ ਮੋਟਰ ਸਾਈਕਲ ਤੋਂ ! ਜਾਂਦੇ ਨੇ ਰੁੱਖ ਵੱਲ ਨੂੰ )

**ਅਰਜੁਨ:** ਚੰਗਾ ਚੱਲ ਪੁੱਛ ਲਈਂ ਹੁਣ ਆਪਣਾ ਭਵਿਖ !

**ਹਰਜਿੰਦਰ:** ( ਕੰਨ ਵਿੱਚ) ਮੈਂ ਉਸ ਨੂੰ ਕੀ ਕਹਿ ਕੇ ਬੁਲਾਵਾਂ ? ਬਾਬਾ ਜਾਂ ਕੁੱਝ ਹੋਰ ?

**ਅਰਜੁਨ:** ਤੈਨੂੰ ਜਿਆਦਾ ਪਤਾ ਹੋਊ ! ਤੈਨੂੰ ਇਨ੍ਹਾਂ ਸੱਭ ਗੱਲਾਂ ਦੀ ਆਦਤ ਐ ! ਪਰ ਮੈਂ ਵੀ ਕੁੱਝ ਪੁੱਛਣਾ ਹੈ !

**ਹਰਜਿੰਦਰ:**ਹਸਦਾ ਐ! ਹੈਂ ਤੈਂ ਵੀ? ਲੈਣੀ ਐ ਪੁੱਛਾ? ਆਇਆ ਨਾ ਹੁਣ ਆਨੇ ਆਲੀ ਥਾਂ? ਕਿਸ ਬਾਬਤ ਲੈਣੀ ਐ ਪੁੱਛਾ ਤੂੰ ?

**ਅਰਜੁਨ:** ਪੈਟਰੌਲ ਪੰਪ ਕਿਥੇ ਜਿਹੇ ਐ ? ਬੁਧੂ ! ਪੈਟਰੌਲ ਖਤਮ ਹੋ ਰਿਹਾ ਹੈ ! ਟੈਂਕੀ ਖਾਲੀ ! ਰਿਜ਼ਰਵ ਲੱਗ ਗਿਆ !

**ਹਰਜਿੰਦਰ:** ਸਾਂਹ ਲੈ ਕੇ ! ਚਲ ਠੀਕ ਐ ! ਜੋ ਤੇਰਾ ਮਨ ਕਰੇ ਕਰ ਲਈਂ ! ...... (ਉਚੀ ਆਵਾਜ ਵਿੱਚ ) ਬਾਬਾ!

(ਦੁਬਲਾ ਪਤਲਾ ਬੰਦਾ ਗੂੜ੍ਹੀ ਨੀਂਦ ਵਿੱਚ ਸੁਤਾ ਲਗਦਾ ਐ ! ਉਹ ਤਾਂ ਆਪਣੀਆਂ ਅੱਖਾਂ ਈ ਨਹੀਂ ਖੋਲਦਾ )

**ਹਰਜਿੰਦਰ:** ਬਾਬਾ ! ਨਮਸ਼ਕਾਰ ! ......... ਮੇਰਾ ਮਤਲਬ ਪ੍ਰਨਾਮ ਬਾਬਾ !

(ਬੰਦਾ ਉਠ ਕੇ ਬੈਠ ਜਾਂਦਾ ਹੈ ! ਆਪਣਾ ਗਲਾ ਸਾਫ ਕਰਦਾ ਹੈ !)

**ਮੰਗਲੂ :** ਤੁਸੀਂ ਕੌਣ ਹੋ ? ਮੈਂ ਕੋਈ ਬਾਬਾ ਨਹੀਂ ! ਮੈਂ ਤਾਂ ਮੰਗਲੂ ਹਾਂ .........

**ਅਰਜੁਨ:** ਮੰਗਲੂ ! ਤੁਸੀਂ ਸਾਧੂ ਮਹਾਤਮਾ ਨਹੀਂ ?

**ਮੰਗਲੂ:** ਇਹ ਤਾਂ ਤੁਹਾਡੀ ਸੋਚ ਤੇ ਨਿਰਭਰ ਐ ਕਿ ਤੁਸੀਂ ਮੇਰੇ ਬਾਰੇ ਕੀ ਸੋਚਦੇ ਹੋ! ਮੈਂ ਕੋਈ ਚੋਰ ਨਹੀਂ ! ਸਾਰੀ ਉਮਰ ਕਿਸੇ ਦੀ ਕੋਈ ਚੀਜ ਚੋਰੀ ਨੀ ਕੀਤੀ ! ਇਸ ਤਰ੍ਹਾਂ ਤੁਸੀਂ ਮੈਨੂੰ ਆਰਾਮ ਨਾਲ ਸਾਧੂ ਮਹਾਤਮਾ ਵੀ ਕਹਿ ਸਕਦੇ ਹੋ !

**ਹਰਜਿੰਦਰ:**(ਬੜੀ ਕਾਹਲੀ ਨਾਲ) ਕੀ ਤੁਸੀਂ ਮੇਰਾ ਹੱਥ ਵੇਖ ਕੇ ਮੇਰਾ ਹੱਥ ਵੇਖੋਗੇ? ਮੈਂ ਆਪਣੇ ਵਪਾਰ ਬਾਬਤ ਜਾਣਨਾ ਚਾਹੁੰਦਾ ਹਾਂ !

**ਮੰਗਲੂ :** ਅਫਸੋਸ ! ਜੋਤਸ਼ ਵਿੱਚ ਮੇਰੀ ਕੋਈ ਮੁਹਾਰਤ ਨਹੀਂ ! ਪਰ ਤੁਸੀਂ ਕਾਫੀ ਥੱਕੇ ਹੋਏ ਲੱਗਦੇ ਹੋ ! ਤੇਹ ਵੀ ਬਹੁਤ ਲੱਗੀ ਜਾਪਦੀ ਐ ! ਪਰ ਕੀ ਕਰਾਂ ? ਮੇਰੇ ਕੋਲ ਤਾਂ ਇੱਕ ਗੜਵੀ ਭਰ ਵੀ ਪਾਣੀ ਨਹੀਂ ਤੁਹਾਨੂੰ ਪਿਆਉਣ ਦੇ ਲਈ ।

**ਅਰਜੁਨ:** ਇਸ ਦੀ ਚਿੰਤਾ ਨਾ ਕਰ ਮੰਗਲੂ...... ਮੇਰਾ ਭਾਵ ਬਾਬਾ! ਪਾਣੀ ਹੈ ਸਾਡੇ ਕੋਲ ! ਕੀ ਤੁਸੀਂ ਸਾਨੂੰ ਇਹ ਦੱਸ ਸਕਦੇ ਹੋ ਕਿ ਅਗਲਾ ਪੈਟਰੌਲ ਪੰਪ ਕਿੰਨੀ ਕੁ ਦੂਰ ਐ ?

**ਮੰਗਲੂ:** ਪੈਟਰੌਲ ਪੰਪ ? ਪੈਟਰੌਲ ਪੰਪ ਤਾਂ ਬਹੁਤ ਹੀ ਦੂਰ ਹੋਵੇਗਾ ! ਮੈਂ ਤਾਂ ਕਿੰਨੇ ਸਾਲਾਂ ਤੋਂ ਕੋਈ ਪੈਟਰੌਲ ਪੰਪ ਵੇਖਿਆ ਨਹੀਂ ! ਅੱਜ ਕੱਲ ਮੇਰੀਆਂ ਲੱਤਾਂ ਦੁਖਦੀਆਂ ਰਹਿੰਦੀਆਂ ਨੇ ! ਮੈਂ ਬਹੁਤੀ ਦੂਰ ਤੱਕ ਚੱਲ ਫਿਰ ਨਹੀਂ ਸਕਦਾ ! ( ਇੱਕ ਲਖਤ ਉਸਦੇ ਮਨ ਵਿੱਚ ਕੋਈ ਖਿਆਲ ਆ ਜਾਂਦਾ ਹੈ !) ਕਿਉਂ ? ਤੁਹਾਡੇ ਕੋਲ ਮੋਬਾਈਲ ਨਹੀਂ ? ਜਿਹੜੇ ਲੋਕ ਇਧਰੋਂ ਲੰਘਦੇ ਨੇ ਉਹ ਸਾਰੇ ਤਾਂ ਉਸੇ ਨਾਲ ਆਪਣਾ ਟਿਕਾਣਾ ਲੱਭ ਲੈਂਦੇ ਨੇ !

**ਹਰਜਿੰਦਰ:** ਜੀ ਪੀ ਐਸ ? ਅੱਛਾ ਤਾਂ ਤੁਹਾਨੂੰ ਉਸਦਾ ਵੀ ਪਤਾ ਐ ? ਵਾਹ !

**ਅਰਜੁਨ:**(ਧੀਮੇ ਸੁਰ ਵਿੱਚ) ਮੈਨੂੰ ਲਗਦਾ ਐ ਕਿ ਤੂੰ ਤਾਂ ਬਹੁਤ ਨਿਰਾਸ਼ ਹੋ ਗਿਆ ਹੈਂ!ਪੇਂਡੂ ਬੰਦਾ! ਗੱਲਾਂ ਕਰਦਾ ਐ ਜੀ ਪੀ ਐਸ ਦੀਆਂ! ਜੋਤਿਸ਼ ਦਾ ਕੋਈ ਗਿਆਨ ਨਹੀਂ (ਮੁਸਕੜੀਏਂ ਹਸਦਾ ਐ) ਉਚੀ ਆਵਾਜ ਵਿੱਚ ! ਬਾਬਾ ਜੀ ! ਗੱਲ ਤਾਂ ਤੁਹਾਡੀ ਸਹੀ ਐ! ਜੀ ਪੀ ਐਸ ਨਾਲ ਪਤਾ ਲੱਗ ਸਕਦਾ ਸੀ! ਪਰ ਕੀ ਕਰੀਏ ? ਇਹ ਤਾਂ ਚੱਲ ਹੀ ਨਹੀਂ ਰਿਹਾ !

**ਮੰਗਲੂ:** ਜੇ ਜੀ ਪੀ ਐਸ ਚਲਦਾ ਵੀ ਹੁੰਦਾ ਤਾਂ ਵੀ ਤੁਹਾਨੂੰ ਇਸ ਇਲਾਕੇ ਵਿੱਚ ਪਾਣੀ ਦਾ ਕੋਈ ਟੋਭਾ ਨਹੀਂ ਸੀ ਮਿਲਣਾ! ਹਸਦਾ ਹੈ ... ਹਾਂ ਮਿੱਤਰ ! ਕੀ ਮੈਂ ਇੱਕ ਘੁੱਟ ਪਾਣੀ ਪੀ ਸਕਦਾ ਹਾਂ ?

**ਅਰਜੁਨ:** ਅੱਛਾ ਤਾਂ ਤੁਹਾਨੂੰ ਵੀ ਲੱਗੀ ਐ ਪਿਆਸ ? ਠੀਕ ਐ ...... ਖੋਲੋ ਮੂੰਹ... ਮੈਂ ਥੋੜ੍ਹਾ ਜਿਹਾ ਪਾ ਦਿੰਦਾ ਹਾਂ ਤੁਹਾਡੇ ਮੂੰਹ ਵਿੱਚ ! ਅਸੀਂ ਤਾਂ ਅਜੇ ਬਹੁਤ ਵਾਟ ਤਹਿ ਕਰਨੀ ਐ .........

**ਮੰਗਲੂ:** ਭਲਾ ਹੋਵੇ ਤੁਹਾਡਾ ...( ਮੂੰਹ ਖੋਲਦਾ ਹੈ ...ਅਰਜੁਨ ਉਸਦੇ ਮੂੰਹ ਵਿੱਚ ਪਾਉਂਦਾ ਹੈ ਪਾਣੀ ... ( ਤਸੱਲੀ ਹੋ ਗਈ ) ਤੁਸੀਂ ਜਾ ਕਿੱਧਰ ਨੂੰ ਰਹੇ ਹੋ ?

**ਅਰਜੁਨ:** ਅਸੀਂ ਤਾਂ ਆਪਣੇ ਇਸ ਮਹਾਨ ਦੇਸ ਦੀ ਵੰਨ -ਸੁਵੰਨਤਾ ਵੇਖਣ ਨਿੱਕਲੇ ਹਾਂ !

**ਹਰਜਿੰਦਰ:** ਅਸੀਂ ਕਾਫੀ ਫਾਸਲਾ ਤਹਿ ਕਰ ਲਿਆ ਹੈ !ਪਰ ਆਹ ਇਲਾਕਾ ਤਾਂ ਬਿਲਕੁਲ ਹੀ ਵੱਖਰਾ ਹੈ !

**ਅਰਜੁਨ:** ਲੱਗਦਾ ਐ ਕਿ ਤੁਸੀਂ ਇੱਥੇ ਰਹਿੰਦੇ ਹੋ! ਪਰ ਇਥੇ ਨੇੜੇ ਤੇੜੇ ਕੋਈ ਝੁੱਗੀ ਝੌਂਪੜੀ ਤਾਂ ਨਜ਼ਰ ਨਹੀਂ ਆਉਂਦੀ ?

**ਮੰਗਲੂ:** ਇਸ ਕੰਮ ਵਾਸਤੇ ਤੁਹਾਨੂੰ ਇੱਥੋਂ ਦੋ ਕੁ ਕਿਲੋ ਮੀਟਰ ਹੋਰ ਜਾਣਾ ਪੈਣਾ ਹੈ ! ਉਸ ਟੀਲੇ ਦੇ ਪਿਛਲੇ ਪਾਸੇ ... ਤੁਸੀਂ ਜਾਇਓ ਨੱਕ ਦੀ ਸੇਧ ਤੇ ਫਿਰ ਮੁੜ ਜਾਇਓ ਸੱਜੇ ਨੂੰ !

**ਅਰਜੁਨ:** ਹਾਂ ! ਮੈਂ ਸਮਝ ਗਿਆ ਬਾਬਾ !

**ਮੰਗਲੂ:** ਨਹੀਂ! ਨਹੀਂ ਸਮਝਿਆ ਤੂੰ ! ਪਤਾ ਹੈ ਕਿ ਮੈਂ ਕਿਉਂ ਆਉਂਦਾ ਹਾਂ ਚੱਲ ਕੇ ਇਸ ਥਾਂ ਨਿੱਤ ਦਿਹਾੜੇ ? ਕਿਉਂ ਬੈਠਦਾ ਹਾਂ ਇਸ ਰੁੱਖ ਦੇ ਨੀਚੇ? ਉਹ ਰੁੱਖ ਜਿਹੜਾ ਇਸ ਰੋਹੀ ਬੀਆਬਾਨ ਵਿੱਚ ਖੜ੍ਹਾ ਹੈ ਡਰਨੇ ਵਾਂਗ ਕੱਲ – ਮੁਕੱਲਾ !

**ਅਰਜੁਨ:** ਮੈਂ ਤਾਂ ਬਾਬਾ ! ਇਹ ਪੁੱਛਣ ਹੀ ਲੱਗਿਆ ਸੀ ! ਮੇਰਾ ਭਾਵ ਹੈ ...... ਕੀ ਤੁਸੀਂ ਇੱਥੇ ਭੀਖ ਮੰਗਣ ਆਉਂਦੇ ਹੋ ? ਪਰ ਇੱਥੇ ਤੁਹਾਨੂੰ ਭਿੱਛਿਆ ਦੇਣ ਵਾਲ ਆਊ ਕਿਹੜਾ !

**ਮੰਗਲੂ:**ਕੋਈ ਨਹੀਂ ਆਉਂਦਾ ਇੱਥੇ ਭਿੱਛਿਆ ਦੇਣ ਦੇ ਲਈ!ਮੈਂ ਤਾਂ ਇੱਥੇ ਆਉਂਦਾ ਹਾਂ ! ਆਪਣੀਆਂ ਯਾਦਾਂ ਦੇ ਵਾਸਤੇ !

**ਹਰਜਿੰਦਰ:** ਯਾਦਾਂ ! ਉਹ ਕਿਹੜੀਆਂ ? ਕਿਸਦੀਆਂ ਯਾਦਾਂ ?

**ਮੰਗਲੂ:** ਇੱਕ ਵੱਡੇ ਤਲਾਅ ਦੀਆਂ ! ਨਹੀਂ ! ਇੱਕ ਨਹੀਂ ਬਲਕਿ ਦੋ ! ਨਾਲ-ਨਾਲ ਲੱਗਦੇ ਤਲਾਅ ! ਤੇ ਆਹ ਰੁੱਖ ਖੜ੍ਹਾ ਸੀ ਉਨ੍ਹਾਂ ਦੇ ਵਿਚਕਾਰ ! ਉਹ ਤਲਾਅ ਐਨੇ ਵੱਡੇ ਸਨ ਕਿ ਬੱਸ ਪੁੱਛੋ ਹੀ ਨਾ !

**ਅਰਜੁਨ:** ਹੈਂ ਬਾਬਾ ! ਐਨੇ ਵੱਡੇ ਤਲਾਅ ਤੇ ਹੁਣ ਰੋਹੀ ਬੀਆਬਾਨ ?

**ਮੰਗਲੂ :** ਹਾਂ ਭਾਈ ! ਵੱਡਾ ? ਔਹ ਦੂਰ ਸੜਕ ਦਾ ਮੋੜ ਆਉਂਦਾ ਐ ਨਜ਼ਰੀਂ ? ਸਮਝ ਲੈ ! ਉਸ ਤੋਂ ਵੀ ਅੱਗੇ ਤੱਕ ਪਸਰਿਆ ਸੀ ਇਹ ਤਲਾਅ ! ਤੇ ਦੂਜਾ ਵੀ ਸੀ ਇੰਨਾ ਹੀ ਵਿਸ਼ਾਲ ਕਾਇ !

**ਹਰਜਿੰਦਰ:** ਵਾਹ ਬਾਬਾ ! ਕਿੰਨਾ ਵੱਡਾ ਸੀ ਤਲਾਬਾਂ ਦਾ ਇਹ ਜੋੜਾ !

**ਮੰਗਲੂ:** ਇਹ ਜੋੜਾ ਹੀ ਕਿਉਂ ? ਅਨੇਕਾਂ ਹੀ ਸਨ ਅਜਿਹੇ ਤਲਾਅ ਇਧਰ ਤਾਂ ! ਪਰ ਮੁੱਕ ਗਏ ਸਾਰੇ ਹੁਣ ਤਾਂ !

**ਹਰਜਿੰਦਰ:** ਹਾਂ ਬਾਬਾ ! ਪਰ ਇਹ ਐਨੇ ਵੱਡੇ ਤਲਾਬ ਕਿੱਧਰ ਹੋ ਗਏ ਨੇ ਗਾਇਬ ? ਕਿਸਨੇ ਕਰ ਦਿੱਤੇ ਨੇਸਤੋ ਨਬੂਦ ?

**ਮੰਗਲੂ :** ਬੱਸ ਭਾਈ ! ਕੀ ਦਸਾਂ ? ਹੁਣ ਤਾਂ ਯਾਦਾਂ ਹੀ ਰਹਿ ਗਈਆਂ ਨੇ ! ਐਨੇ ਮਨਮੋਹਣੇ ਸਨ ਇਨ੍ਹਾਂ ਦੇ ਨਜ਼ਾਰੇ !

**ਅਰਜੁਨ:** ਪਰ ਬਾਬਾ ! ਉਹ ਐਨੇ ਵੱਡੇ ਤਲਾਬ ਗਏ ਕਿੱਧਰ ! ਰਾਤੋ ਰਾਤ ਤਾਂ ਸੁੱਕ ਨਹੀਂ ਸਕਦੇ ਉਹ ! ਸਾਰਾ ਪਾਣੀ ਤਾਂ ਉਡ ਵੀ ਨਹੀਂ ਸਕਦਾ !

**ਮੰਗਲੂ:** ਕੀ ਦਸਾਂ ? ਸੂਤ ਲਿਆ ਸੀ ਪਾਣੀ ਉਨ੍ਹਾਂ ਦਾ ਲਾਲਚ ਨੇ ! ਘ੍ਰਿਣਾ ਨੇ !

**ਹਰਜਿੰਦਰ :** ਲਾਲਚ ਨੇ ? ਘ੍ਰਿਣਾ ਨੇ ? ਉਹ ਕਿਵੇਂ ?

**ਮੰਗਲੂ :** ਦੋ ਧਿਰਾਂ ਇੱਕ ਦੂਜੇ ਨਾਲ ਖਾਂਦੀਆਂ ਸਨ ਖਾਰ ! ਬੱਸ ਖਿੱਚ ਲੈਂਦੀਆਂ ਸਨ ਪਾਣੀ ਦੂਜੀ ਧਿਰ ਵੱਲੋਂ ! ਦੋ ਕੌਮਾਂ ਲੜਦੀਆਂ ਸਨ ਆਪਸ ਵਿੱਚ ! ਰਾਜੇ ਸਨ ਉਨ੍ਹਾਂ ਦੇ ਨਿਕੰਮੇ , ਵਿਹਲੜ , ਆਲਸੀ !

**ਅਰਜੁਨ:** ਤੇ ਹੱਦ ਦਰਜੇ ਦੇ ਲਾਲਚੀ !

**ਮੰਗਲੂ:** ਬੱਸ ਕਿਸਾਨਾਂ ਨੂੰ ਭਰਤੀ ਕਰ - ਕਰ ਭੇਜਦੇ ਰਹਿੰਦੇ ਲੜਨ ਤੇ ਮਰਨ ਦੇ ਲਈ ! ਇਹੀ ਲਾਲਚੀ ਤੇ ਵਿਲਾਸੀ ਰਾਜੇ ਕਰਦੇ ਸਨ ਚੋਰੀ ਪਾਣੀ ਦੀ ! ਇੱਕ ਦੂਜੇ ਦੇ ਪਾਣੀ ਦੀ ! ਕਈ ਵਾਰ ਹਾਰਦੀ ਧਿਰ ਰਲਾ ਦਿੰਦੀ ਸੀ ਜਹਿਰ ਪਾਣੀ ਦੇ ਵਿੱਚ ! ਤਾਕਿ ਵਰਤ ਨਾ ਸਕਣ ਦੁਸ਼ਮਨ ਵੀ !

**ਅਰਜੁਨ:** ਵੇਖਿਆ ਜੇ ! ਪਾਣੀ 'ਤੇ ਹੋ ਸਕਦੀਆਂ ਨੇ ਕਿੰਨੀਆਂ ਹੀ ਲੜਾਈਆਂ ? ਆਹ ਪੰਜਾਬ ਹਰਿਆਣਾ ਦਿੱਲੀ ਤੇ ਰਾਜਸਥਾਨ ਵਿੱਚ ਪਾਣੀ ਦਾ ਹੀ ਤਾਂ ਚੱਲ ਰਿਹਾ ਹੈ ਰੇੜਕਾ, ਅਧੀ ਸਦੀ ਤੋਂ !

**ਹਰਜਿੰਦਰ:** ਆਹੋ!ਇਹ ਤਾਂ ਵੱਡੇ ਰਾਜ ਨੇ!ਰਾਵੀ ਤੇ ਬਿਆਸ ਵਰਗੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਐ ਮਾਮਲਾ ।

**ਅਰਜੁਨ:** ਮੰਗਲੂ ਬਾਬਾ! ਇਹ ਐਨੀ ਸਾਧਾਰਨ ਗੱਲ ਵੀ ਨਹੀਂ ! ਪਾਣੀ ਦੀ ਵਰਤੋਂ ਬਾਬਤ ਲੋਕਾਂ ਦਾ ਨਜ਼ਰੀਆ ਵਹਿਮ ਭਰਮ ਵਾਲਾ ਵੀ ਹੋ ਸਕਦਾ ਹੈ ਤੇ ਉਹ ਹੰਕਾਰੀ ਵੀ ਹੋ ਸਕਦੇ ਨੇ ! ਸਿਆਸਤ ਵੀ ਹੋ ਸਕਦੀ ਐ !

**ਮੰਗਲੂ:** ਹਾਂ ! ਹੋਣ ਨੂੰ ਕੀ ਨਹੀਂ ਹੋ ਸਕਦਾ ? ਤੁਸੀਂ ਤਾਂ ਝਗੜੇ ਦੇ ਮੈਦਾਨ ਦੇ ਐਨ ਵਿਚਕਾਰ ਖੜ੍ਹੇ ਹੋ ! ਪਰ ਇੱਕ ਗੱਲ ਸੁਣ ਲਓ ! ਸਾਡੇ ਪਿੰਡ ਵਿੱਚ ਇੱਕ ਬਜੁਰਗ ਅਜਿਹੇ ਵੀ ਸਨ ਜਿੰਨ੍ਹਾਂ ਨੇ ਅਜਿਹੇ ਝਗੜੇ ਰੋਕਣ ਦੀ ਕੋਸ਼ਿਸ਼ ਕੀਤੀ ! ਉਹ ਸਾਨੂੰ ਪਾਣੀ ਬਾਬਤ ਕਹਾਣੀਆਂ ਸੁਣਾਉਂਦਾ ਰਹਿੰਦਾ ਸੀ !

**ਅਰਜੁਨ:** ਪਾਣੀ ਬਾਬਤ ਕਹਾਣੀਆਂ ? ਮੇਰੀ ਤਾਂ ਦਿਲਚਸਪੀ ਹੋ ਗਈ ਇਸ ਮਾਮਲੇ ਵਿੱਚ ਹਰਜਿੰਦਰ !

**ਹਰਜਿੰਦਰ:** ਬਾਬਾ! ਸੁਣਾਓ ਖਾਂ ਉਹ ਕਹਾਣੀਆਂ ਜਿਹੜੀਆਂ ਤੁਹਾਨੂੰ ਸੁਣਾਉਂਦੇ ਸਨ ਉਹ ਬਜੁਰਗ !

**ਮੰਗਲੂ:** ਉਹ ਦਸਦੇ ਸਨ ਕਿ ਸਾਡੇ ਦੇਸ ਦੇ ਪੱਛਮ ਵਿੱਚ ਇੱਕ ਬਹੁਤ ਵੱਡਾ ਮਾਰੂਥਲ ਹੈ ! ਉਹ ਬਿਲਕੁਲ ਬੰਜਰ ਹੈ ! ਕੋਈ ਨਹੀਂ ਪੇੜ-ਪੌਦਾ ! ਤੇ ਨਾ ਕੋਈ ਝਾੜ ਬੂਟ ਹੀ ! ਬਿਲਕੁਲ ਸੁੱਕਾ !

**ਹਰਜਿੰਦਰ :** ਹਾਂ ਇੱਕ ਅਜਿਹਾ ਮਾਰੂਥਲ ਹੈ ਤਾਂ ਸਹੀ ! ਕਹਿੰਦੇ ਨੇ ਉਸ ਨੂੰ ਥਾਰ ਦਾ ਮਾਰੂਥਲ !

**ਮੰਗਲੂ:**ਇਹ ਤਾਂ ਨਹੀਂ ਪਤਾ ! ਮੈਨੂੰ ਤਾਂ ਕੇਵਲ ਕਹਾਣੀ ਹੀ ਯਾਦ ਹੈ ! ਉਹ ਬਜੁਰਗ ਦਸਦੇ ਹੁੰਦੇ ਸਨ ਕਿ ਉਥੋਂ ਦੇ ਲੋਕ ਬੜੇ ਹੀ ਸਿਆਣੇ ਤੇ ਸਮਝਦਾਰ ਸਨ! ਉਹ ਉਸ ਰੋਹੀ ਬੀਆਬਾਨ ਰੇਗਸਤਾਨ ਵਿੱਚ ਵੀ ਪਾਣੀ ਕਰ ਲੈਂਦੇ ਸਨ ਜਮ੍ਹਾ !

**ਅਰਜੁਨ:** ਹੈਂ ! ਕਰ ਲੈਂਦੇ ਸਨ ਰੇਗਸਤਾਨ ਵਿੱਚ ਵੀ ਪਾਣੀ ਜਮ੍ਹਾਂ ?

**ਮੰਗਲੂ:** ਹਾਂ ਭਾਈ ਹਾਂ ! ਰੇਗਸਤਾਨ ਵਿੱਚ ਵੀ !

**ਅਰਜੁਨ:**ਕੀ ਉਨ੍ਹਾਂ ਨੇ ਤੁਹਾਨੂੰ ਉਸ ਮਾਰੂਥਲ ਵਿੱਚ ਵੀ ਪਾਣੀ ਜਮ੍ਹਾ ਕਰਨ ਦੀ ਜੁਗਤੀ ਬਾਬਤ ਵੀ ਦੱਸਿਆ ਸੀ ਕਦੇ ?

**ਮੰਗਲੂ:** ਹਾਂ ਦੱਸਿਆ ਸੀ ! ਉਹ ਕਹਿੰਦੇ ਸਨ ਕਿ ਜਿਹੜੀ ਨਾ ਮਾਤਰ ਵਰਖਾ ਉਸ ਇਲਾਕੇ ਵਿੱਚ ਹੁੰਦੀ ਸੀ , ਉਸਦਾ ਪਾਣੀ ਇਕੱਠਾ ਕਰ ਲੈਂਦੇ ਸੀ ਉਹ !

**ਅਰੁਜਨ:** ਪਰ ਇਕੱਤਰ ਕਿਵੇਂ ਸੀ ਕਰਦੇ ਉਹ ?

**ਮੰਗਲੂ:** ਇੱਕ ਅਗੋਰ ਵਿੱਚ ਇਕੱਠਾ ਕਰਦੇ ਸੀ ਉਹ ਵਰਖਾ ਦਾ ਪਾਣੀ ਇਕੱਠਾ!ਉਸ ਅਗੋਰ ਦੀ ਸਾਰੀ ਉਸਾਰੀ ਲੋਕ ਖੁਦ ਹੀ ਕਰਦੇ ਸਨ!ਆਲੇ ਦੁਆਲੇ ਤੇ ਉਪਰ ਨੂੰ ਲਗਾ ਲੈਂਦੇ ਸਨ ਪੱਥਰ! ਕਰਦੇ ਸਨ ਪਾਣੀ ਇਕੱਠਾ, ਉਸ ਦੇ ਵਿੱਚ!

**ਅਰਜੁਨ:** ਹਰਜਿੰਦਰ ! ਇਹ ਬਾਬਾ ਤਾਂ ਸਾਨੂੰ ਮੀਂਹ ਦੇ ਪਾਣੀ ਦੀ ਸੰਭਾਲ ਬਾਬਤ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ! ਜੋ ਕੁੱਝ ਇਸ ਨੇ ਸੁਣਿਆ ਹੈ ਉਹ ਗਲਤ ਵੀ ਤਾਂ ਨਹੀਂ !

**ਹਰਜਿੰਦਰ** : ਸੱਚ ਮੁੱਚ !

**ਅਰਜੁਨ:** ਹਾਂ ! ਜੋ ਉਹ ਦੱਸ ਰਿਹਾ ਹੈ ਉਹ ਵਰਖਾ ਦਾ ਪਾਣੀ ਸਹੇਜਣ ਦੀ ਇੱਕ ਰਵਾਇਤੀ ਪ੍ਰਣਾਲੀ ਹੈ, ਕਹਿੰਦੇ ਨੇ ਜਿਸਨੂੰ **ਪਾਰ** ! ਪਾਣੀ ਜਮ੍ਹਾ ਕਰਨ ਦੇ ਇਲਾਕੇ ਵਿੱਚ ਖੂਹੀ ਜਾ ਬੇਰੀ ਨਾਮੀ ਇੱਕ ਖੂਹ ਪੁਟਿਆ ਜਾਂਦਾ ਹੈ ਜਿਸ ਨੂੰ ਇਹ ਬਾਬਾ ਅਗੋਰ ਕਹਿੰਦਾ ਹੈ ! ਉਹ ਖੂਹੀਆਂ 5-12 ਮੀਟਰ ਡੂੰਘੀਆਂ ਹੁੰਦੀਆਂ ਹਨ ! ਉਸ ਇਲਾਕੇ ਵਿੱਚ ਵਰਖਾ ਦਾ ਪਾਣੀ ਸਹੇਜਣ ਦੀ ਇਹ ਸੱਭ ਤੋਂ ਵੱਧ ਪ੍ਰਚਲੱਤ ਵਿਧੀ ਹੈ , ਮੇਰਾ ਭਾਵ ਹੈ ਪੱਛਮੀ ਰਾਜਸਥਾਨ ਵਿੱਚ ! ਇਸ ਨੇ ਹੀ ਉਥੋਂ ਦੇ ਲੋਕਾਂ ਨੂੰ ਰੱਖਿਆ ਜੀਵਤ ਤੇ ਦਿੱਤਾ ਆਸਰਾ!

**ਮੰਗਲੂ** : ਤੇ ਕੀਤਾ ਕੀ ਸਾਡੇ ਰਾਜਿਆਂ ਨੇ ? ਉਨ੍ਹਾਂ ਨੇ ਸਾਨੂੰ ਕਿਹਾ ਪਾਣੀ ਨੂੰ ਬਰਬਾਦ ਕਰ ਦਿਓ ! ਤੇ ਹੁਣ ਹੋ ਗਈ ਹੈ ਧਰਤੀ , ਆਹ ਬੰਜਰ ! ਹਾਂ ਬੰਜਰ ਧਰਤੀ ! ਕੀ ਭਾਣਾ ਵਰਤ ਗਿਆ ਸਾਡੇ ਨਾਲ ?

**ਅਰੁਜਨ:**ਪਾਣੀ ਦੀ ਸੰਭਾਲ ਦੇ ਲਈ ਤਾਂ ਰਾਜਿਆਂ ਨੇ ਵੀ ਕਈ ਕੁੱਝ ਕੀਤਾ ਰਾਜਸਥਾਨ ਵਿੱਚ! ਪਰ ਉਹ ਬਹੁਤ ਮਹਿੰਗਾ ਸੀ ਤੇ ਉਸ ਦੀ ਸਾਂਭ ਸੰਭਾਲ ਵੀ ਮੁਸ਼ਕਲ ਕੰਮ ਸੀ ! ਫਿਰ ਵੀ ਅਸੀਂ ਉਨ੍ਹਾਂ ਦਾ ਯੋਗਦਾਨ ਘਟਾ ਕੇ ਨਹੀਂ ਵੇਖ ਸਕਦੇ !

**ਮੰਗਲੂ:** ਕੀ ਕੀਤਾ ਉਨ੍ਹਾਂ ਰਾਜਿਆਂ ਨੇ ? ਸਾਡੀ ਆਪਣੀ ਰਵਾਇਤੀ ਵਿਧੀ ਦਾ ਪਾ ਦਿੱਤਾ ਭੋਗ ! ਨਵੀਂ ਮਹਿੰਗੀ ਵਿਧੀ ਦੇ ਨਾ ਲੱਗੇ ਪੈਰ! ਹੋ ਗਏ ਅਸੀਂ ਨਿਹੱਥੇ ! ਬੰਜਰ ਹੋ ਗਈ ਧਰਤੀ !

**ਹਰਜਿੰਦਰ** : ਅਰਜੁਨ ! ਮੰਗਲੂ ਦਾ ਰੋਣਾ ਨਿਕੱਲ ਰਿਹਾ ਹੈ ! ਮੈਨੂੰ ਲੱਗਦਾ ਹੈ ਕਿ ਸਾਨੂੰ ਹੁਣ ਚਲਣਾ ਚਾਹੀਦਾ ਹੈ !

**ਅਰਜੁਨ:** ਹਾਂ ! ਗੱਲ ਤਾਂ ਤੇਰੀ ਠੀਕ ਐ ! ਨਾਲੇ ਸਾਡੀ ਵਾਟ ਵੀ ਤਾਂ ਦੂਰ ਦੀ ਐ !

( ਮੋਟਰ ਸਾਈਕਲ ਤੇ ਚਲੇ ਜਾਂਦੇ ਹਨ )

**ਦ੍ਰਿਸ਼ ਬਦਲਾਅ ਸੰਗੀਤ**

ਕਾਫੀ ਸਮੇ ਬਾਅਦ :

**ਅਰਜੁਨ:** ਕਾਫੀ ਟਾਈਮ ਹੋ ਗਿਆ ! ਥੱਕ ਗਏ ! ਸੁਸਤਾ ਨਾ ਲਈਏ ਜਰਾ ?

**ਹਰਜਿੰਦਰ:** ਹਾਂ ! ਪਰ ਆਲੇ ਦੁਆਲੇ ਕੋਈ ਠੀਕ ਜਿਹੀ ਥਾਂ ਹੀ ਨਹੀਂ ਪੈਂਦੀ ਨਜ਼ਰੀਂ , ਰੁਕਣ ਦੇ ਲਈ ਤਾਂ !

**ਅਰਜੁਨ:** ਔਹ ਵੇਖ ! ਔਹ ਖੱਬੇ ਬੰਨੇ, ਲੱਗੇ ਨੇ ਤੰਬੂ !

**ਹਰਜਿੰਦਰ:** ਹਾਂ ਯਾਰ ! ਕਈ ਦੁਕਾਨਾਂ ਵੀ ਸਜਾਈਆਂ ਲਗਦੀਆਂ ਨੇ !

**ਅਰਜੁਨ:** ਲੱਗਦਾ ਹੈ ਚਾਹ ਪਾਣੀ ਤੇ ਖਾਣ ਪੀਣ ਵਾਸਤੇ ਵੀ ਮਿਲ ਜਾਵੇਗਾ ਕੁੱਝ ਨਾ ਕੁੱਝ ਤਾਂ !

( ਮੁੜਦੇ ਨੇ ਉਧਰ ਨੂੰ ਤੇ ਰੁਕ ਜਾਂਦੇ ਨੇ ਕੁੱਝ ਪਲਾਂ ਬਾਅਦ )

**ਹਰਜਿੰਦਰ:** ਆਰਾਮ ਆ ਗਿਆ! ਸੂਰਜ ਦੀ ਤਪਸ਼ ਵੀ ਘਟ ਗਈ ! ਮੌਸਮ ਚੰਗਾ ਹੋ ਗਿਆ! ਤਾਪਮਾਨ ਘਟ ਗਿਆ !

**ਅਰਜੁਨ:** ਹਰਜਿੰਦਰ ਔਹ ਵੇਖ ਯਾਰ ! ਸੱਚੀ ਮੁਚੀਂ ਹੈ ਇੱਕ ਚਾਹ ਦੀ ਦੁਕਾਨ ! ਚੱਲ , ਜਲਦੀ ਚੱਲ !

( ਉਹ ਚਾਹ ਦੀ ਦੁਕਾਨ ਤੇ ਪਹੁੰਚ ਜਾਂਦੇ ਨੇ )

**ਅਰਜੁਨ:** ( ਚਾਹ ਵਾਲੇ ਨੂੰ ) ਹਾਂ ਭਾਈ ! ਚਲਦੀ ਹੈ ਭੱਠੀ ਤੇਰੀ ? ਮਿਲਣਗੇ ਚਾਹ ਦੇ ਦੋ ਕੱਪ ?

**ਹਰਜਿੰਦਰ:**(ਚਾਹ ਵਾਲੇ ਨੂੰ) ਵੇਖੀਂ ਬਾਈ! ਨਾਂਹ ਨਾ ਕਰ ਦੇਈਂ!ਮੇਰਾ ਮਿਤਰ ਕਿਤੇ ਬੇਹੋਸ਼ ਹੀ ਨਾ ਹੋ ਜਾਵੇ ਨਾਂਹ ਸੁਣਕੇ !

**ਚਾਹਵਾਲਾ:** ਹਾਂ ਜੀ ! ਆਓ ਬੈਠੋ ! ਬੱਸ ਪੰਜ ਮਿੰਟ ਲਗਣਗੇ !

( ਇੱਕ ਬੰਦਾ ਨੇੜੇ ਆ ਕੇ ਉਚੀ ਦੇਣੇ ਕਹਿੰਦਾ ਹੈ , ਪਰਾਗ ! ਬੰਨ੍ਹੋ ਹੁਣ ਸਾਰਾ ਸਮਾਨ ! ਬੱਸ ! ਐਨਾ ਹੀ ਬਹੁਤ ਹੈ ਅੱਜ ਦੇ ਲਈ ! ਉਹ ਦੁਕਾਨ ਦੇ ਅੰਦਰ ਵੜ ਕੇ ਖੂੰਜੇ ਵਿੱਚ ਬੈਠ ਜਾਂਦਾ ਹੈ , ਚਾਹ ਦੇ ਕੱਪ ਲਈ ਕਹਿੰਦਾ ਹੈ !

**ਅਰਵਿੰਦ** : ਮੇਰੀ ਰੋਜਾਨਾ ਵਾਲੀ ਚਾਹ ਤੇਰੇ ਵਿਸ਼ੇਸ਼ ਬਿਸਕੁਟਾਂ ਸਮੇਤ ......... ਅੱਜ ਤਾਂ ਬੜੀ ਹੀ ਦੌੜ - ਭੱਜ ਰਹੀ !

**ਚਾਹਵਾਲਾ:** ਹਾਂ ਜੀ ! ਬਿਲਕੁਲ ਸਹੀ ਸਾਹਬ !

**ਅਰਵਿੰਦ** : ਅੱਜ ਤੇਰੇ ਕੋਲ ਨਵੇਂ ਗਾਹਕ ਆਏ ਲੱਗਦੇ ਨੇ !

**ਅਰਜੁਨ:** (ਮੁਸਕਰਾਉਂਦੇ ਹੋਏ ) ਮੈਂ ਅਰਜੁਨ , ਇਹ ਨੇ ਮੇਰੇ ਦੋਸਤ ਹਰਜਿੰਦਰ ! ਅਸੀਂ ਆਪਣੇ ਦੇਸ਼ ਦੇ ਟੂਰ ਲਈ ਨਿਕਲੇ ਹਾਂ !

**ਅਰਵਿੰਦ** : ਅੱਛਾ! ਮੈਂ ਹਾਂ ਅਰਵਿੰਦ, ਇੱਕ ਮਾਨਵ ਵਿਗਿਆਨੀ ! ਅਸੀਂ ਇੱਥੇ ਕੁਝ ਖੁਦਾਈ ਕਰ ਰਹੇ ਹਾਂ!

**ਹਰਜਿੰਦਰ** : ਖੁਦਾਈ ? ਖੁਦਾਈ ਕਿਸ ਵਾਸਤੇ ?

**ਅਰਵਿੰਦ** : ( ਹੱਸ ਕੇ ) ਹਾਂ ! ਖੁਦਾਈ ! ਅਸੀਂ ਮਿੱਟੀ ਦੀਆਂ ਵੱਖ-ਵੱਖ ਪਰਤਾਂ ਦਾ ਅਧਿਅਨ ਕਰ ਰਹੇ ਹਾਂ ! ਇਹ ਜਾਣਨ ਦੇ ਲਈ ਕਿ ਇਹ ਜ਼ਮੀਨ ਐਨੀ ਬੰਜਰ ਕਿਉਂ ਬਣ ਗਈ !

**ਅਰਜੁਨ:** ਕੀ ਤੁਹਾਡਾ ਭਾਵ ਹੈ ਕਿ ਇਹ ਧਰਤੀ ਪਹਿਲਾਂ ਐਨੀ ਬੰਜਰ ਨਹੀਂ ਸੀ ?

**ਅਰਵਿੰਦ** :ਹਾਂ ! ਦਸਤਾਵੇਜ ਤਾਂ ਇਹੀ ਬੋਲਦੇ ਨੇ ! ਕੁੱਝ ਵੀ ਅਣਹੋਣਾ ਨਹੀਂ ! ਅਜਿਹੀਆਂ ਮਿਸਾਲਾਂ ਵੀ ਨੇ ਜਿਥੇ ਹਰੇ ਭਰੇ ਖੇਤ ਰੋਹੀ ਬੀਆਬਾਨ ਵਿੱਚ ਬਦਲ ਗਏ ਤੇ ਵਸੋਂ ਖਤਮ ਹੋ ਗਈ ! ਪੂਰੇ ਦੇ ਪੂਰੇ ਪਿੰਡ ਜਾਂ ਇਲਾਕੇ ਖਤਮ ਹੋ ਗਏ !

**ਹਰਜਿੰਦਰ:** ਅੱਛਾ ! ਮੈਨੂੰ ਤਾਂ ਹੋ ਰਹੀ ਐ ਹੈਰਾਨੀ ! ਕੀ ਤੁਸੀਂ ਸਾਨੂੰ ਅਜਿਹੀਆਂ ਕੁੱਝ ਮਿਸਾਲਾਂ ਦੇ ਸਕਦੇ ਹੋ ?

**ਅਰਵਿੰਦ** : ਹਾਂ ! ਕਿਉਂ ਨਹੀਂ ?

**ਚਾਹਵਾਲਾ:** ਲਓ ਜੀ ! ਚਾਹ ਤਿਆਰ ਹੈ ! ਤੇ ਤੁਹਾਡੇ ਬਿਸਕੁਟ ਵੀ ਸਰ !

**ਅਰਵਿੰਦ** : ( ਘੁੱਟ ਭਰਦਾ ਹੈ ) ਹੁਣ ਠੀਕ ਹੈ ! ਹਾਂ ! ਅਸੀਂ ਗੱਲ ਕਰ ਰਹੇ ਸੀ ਭੂਮੀ ਖੋਰ ਦੀ ਤੇ ਪੂਰੀ ਦੀ ਪੂਰੀ ਸਭਿਅਤਾ ਦੇ ਖਾਤਮੇ ਦੀ ! ਮੈਂ ਸੁਣਾਉਂਦਾ ਹਾਂ ਤੁਹਾਨੂੰ ਬ੍ਰਿਤਾਂਤ ਮੈਸੋਪਟਾਮੀਆਂ ਦਾ !

**ਹਰਜਿੰਦਰ:** ਕੀ ਤੁਹਾਡਾ ਭਾਵ ਆਧੁਨਿਕ ਇਰਾਕ ਤੋਂ ਐ ?

**ਅਰਵਿੰਦ:** ਬਿਲਕੁਲ ਠੀਕ ਬੁਝਿਆ ਦੋਸਤ! ਆਧੁਨਿਕ ਇਰਾਕ ! ਮੈਸੋਪਟਾਮੀਆਂ, ਈਡਨ ਦੇ ਬਾਗਾਂ ਦੀ ਰਵਾਇਤੀ ਥਾਂ!

**ਅਰਜੁਨ:** ਉਥੇ ਹੀ ਤਾਂ ਬਣੀਆਂ ਨੇ ਨੂਹ ਦੇ ਹੜ੍ਹਾਂ ਦੀਆਂ ਕਹਾਣੀਆਂ! ਬੇਬਲ ਦੇ ਮੀਨਾਰ ਦੀ ਡਾਟ !

**ਅਰਵਿੰਦ :** ਸੰਘਣੀ ਆਬਾਦੀ ! ਮਹਾਨ ਸ਼ਹਿਰ , ਪਏ ਨੇ ਹੁਣ ਸੁੰਨ-ਮਸਾਨ ਤੇ ਬਣ ਗਏ ਨੇ ਖੰਡਰ ! ਸੀ ਉਨ੍ਹਾਂ ਦੇ ਕੋਲ ਤਾਂ ਆਪਣੀ ਹੀ ਸਿੰਚਾਈ ਪ੍ਰਣਾਲੀ ਵੀ ! ਦੋ ਵੱਡੇ-ਵੱਡੇ ਸਨ ਦਰਿਆ ਵੀ !

**ਹਰਜਿੰਦਰ:** ਟਿਗਰੀਜ਼ ਤੇ ਯੂਫਰੇਟਸ ?

**ਅਰਵਿੰਦ :** ਹਾਂ ! ਖੁਸ਼ਕ ਜਲਵਾਯੂ ਵਿੱਚ ਖੇਤੀ ਕੀਤੀ ਜਾਂਦੀ ਸੀ ਨਹਿਰੀ ਸਿੰਚਾਈ ਨਾਲ! ਟਿਗਰੀਜ਼ ਤੇ ਯੂਫਰੇਟਸ ਦਰਿਆਵਾਂ ਦੇ ਗਾਰ ਭਰੇ ਪਾਣੀ ਦੇ ਨਾਲ ! ਤੇ ਇਸੇ ਗਾਰ ਵਾਲੇ ਪਾਣੀ ਨੇ ਲਿਖੀਆਂ ਕਹਾਣੀਆਂ ਤਬਾਹੀ ਦੀਆਂ !

**ਅਰਜੁਨ:** ਤਬਾਹੀ ਦੀਆਂ ਕਹਾਣੀਆਂ ? ਗਾਰ ਵਾਲੇ ਪਾਣੀ ਨੇ ?

**ਅਰਵਿੰਦ :** ਹਾਂ ! ਗਾਰ ਵਾਲੇ ਪਾਣੀ ਨੇ ! ਗਾਰ ਵਾਲਾ ਇਹ ਪਾਣੀ ਜਦ ਵਗਦਾ ਧੀਮੀ ਚਾਲ ਨਾਲ , ਤਾਂ ਭਰ ਦਿੰਦਾ ਸੀ ਨਹਿਰਾਂ ਨੂੰ ਗਾਰ ਦੇ ਨਾਲ ! ਸਾਲ ਦਰ ਸਾਲ ਇਸ ਗਾਰ ਨੂੰ ਨਹਿਰਾਂ ਵਿੱਚੋਂ ਪੈਂਦਾ ਸੀ ਕੱਢਣਾ ।

**ਹਰਜਿੰਦਰ:** ਪਰ ਕਿਉਂ ? ਕੀ ਲੋੜ ਸੀ ਇਸ ਗਾਰ ਨੂੰ ਕੱਢਣ ਦੀ ?

**ਅਰਵਿੰਦ :** ਲੋੜ ? ਲੋੜ ਸੀ ! ਖੇਤੀ ਵਾਲੀਆਂ ਜ਼ਮੀਨਾਂ ਨੂੰ ਜੀਵਣ ਦਾਨ ਦੇਣ ਵਾਲੇ ਪਾਣੀ ਨੂੰ ਵਗਦਾ ਰੱਖਣ ਦੇ ਲਈ ! ਮੈਦਾਨੀ ਇਲਾਕੇ ਦੇ ਸ਼ਹਿਰਾਂ ਨੂੰ ਪਾਣੀ ਦੀ ਪੂਰਤੀ ਦੇ ਲਈ ਵੀ ਲੋੜ ਸੀ ਇਸ ਗਾਰ ਨੂੰ ਕੱਢਣ ਦੀ !

**ਅਰਜੁਨ:** ਠੀਕ ਹੈ ! ਪਰ ਗਾਰ ਕੱਢਣ ਵਿੱਚ ਦਿੱਕਤ ਸੀ?

**ਅਰਵਿੰਦ :**ਆਬਾਦੀ ਵੱਧਣ ਕਰਕੇ ਦਰਿਆਵਾਂ ਤੋਂ ਦੂਰ-ਦੂਰ ਤੱਕ ਨਹਿਰਾਂ ਕੱਢਣੀਆਂ ਪਈਆਂ! ਇਨ੍ਹਾਂ ਨਹਿਰਾਂ ਵਿੱਚੋਂ ਗਾਰ ਕੱਢਣ ਦੇ ਲਈ ਲੋੜ ਪੈ ਗਈ ਬਹੁਤ ਸਾਰੇ ਕਾਮਿਆਂ ਦੀ! ਬੈਬੀਲੋਨ ਦੇ ਰਾਜਿਆਂ ਨੇ ਇਸ ਕੰਮ ਦੇ ਲਈ ਲਿਆਂਦੇ ਜੰਗੀ ਕੈਦੀ !

**ਹਰਜਿੰਦਰ:** ਵਾਹ ! ਬੜਾ ਦਿਲਚਸਪ ਮੋੜ ਲੈ ਰਹੀ ਹੈ ਤੁਹਾਡੀ ਇਹ ਕਹਾਣੀ !

**ਅਰਵਿੰਦ :** ਹਾਂ ! ਪਰ ਨਹਿਰਾਂ ਵਿੱਚੋਂ ਗਾਰ ਕੱਢਣ ਦੇ ਇਸ ਵੱਡੇ ਕੰਮ ਵਿੱਚ ਪੈ ਜਾਂਦਾ ਸੀ ਵਿਘਣ, ਵਾਰ-ਵਾਰ ! ਅੰਦਰੂਨੀ ਕਰਾਂਤੀਆਂ ਕਰਕੇ ਜਾਂ ਫਿਰ ਬਾਹਰਲੇ ਹਮਲਾਵਰਾਂ ਦੇ ਹਮਲਿਆਂ ਕਰਕੇ ! ਮੈਸੋਪਟਾਮੀਆਂ ਦੇ ਲੋਕਾਂ ਨੂੰ ਗਾਰ ਨਾਲ ਭਰੀਆਂ ਨਹਿਰਾਂ ਨਾਲ ਦੋ ਚਾਰ ਹੋਣਾ ਪਿਆ !

**ਹਰਜਿੰਦਰ:** ਅਛਾ ! ਤਾਂ ਫਿਰ ਕੀ ਹੋਇਆ ?

**ਅਰਵਿੰਦ:** ਹੋਣਾ ਕੀ ਸੀ ? ਗਾਰ ਨਾਲ ਨਹਿਰਾਂ ਬੰਦ ਹੋਣ ਕਰਕੇ ਪਿੰਡਾਂ ਦੇ ਪਿੰਡ ਤੇ ਸ਼ਹਿਰਾਂ ਦੇ ਸ਼ਹਿਰ ਹੋ ਗਏ ਖਾਲੀ ! ਹਮਲਾਵਰ ਫੌਜਾਂ ਦੇ ਕਤਲਾਂ ਨਾਲੋਂ ਵੀ ਜਿਆਦਾ ਸੀ ਇਸ ਗਾਰ ਦੀ ਮਾਰ !

**ਅਰਜੁਨ:** ਹੈਂ ! ਇਹ ਤਾਂ ਬਹੁਤ ਹੀ ਦੁਖਦਾਈ ਹੈ ਬ੍ਰਿਤਾਂਤ ! ਸਾਨੂੰ ਤਾਂ ਇਰਾਕ ਦੇ ਇਤਿਹਾਸ ਦੇ ਇਸ ਅਧਿਆਇ ਬਾਬਤ ਕੋਈ ਗਿਆਨ ਹੀ ਨਹੀਂ ਸੀ !

**ਅਰਵਿੰਦ** : ਕਿਉਂ ਜੋ ਰਵਾਇਤੀ ਇਤਿਹਾਸ ਤਾਂ ਰਾਜਿਆਂ ਦੀਆਂ ਲੜਾਈਆਂ ਦਾ ਤੇ ਤਖਤਾਂ ਤੇ ਕਬਜੇ ਦਾ ਇਤਿਹਾਸ ਹੀ ਹੈ ਨਾ ! ਟਿਕਾਊਪਨ ਦਾ ਫਿਕਰ ਕਰਦਾ ਕੌਣ ਐ ਭਲਾ ?

**ਅਰਜੁਨ:** ਬਹੁਤ ਹੀ ਦੁਖਦਾਈ ਵਰਤਾਰਾ ਹੈ, ਸਰ ! ਕੀ ਅਜਿਹੀ ਕੋਈ ਹੋਰ ਘਟਨਾ ਵੀ ਵਾਪਰੀ ਹੈ ਇਤਿਹਾਸ ਵਿੱਚ ?

**ਅਰਵਿੰਦ** : ਜ਼ਮੀਨ ਸੰਭਾਲ ਅੰਦੋਲਣ ਦੇ ਡਾ. ਵਾਲਟਰ ਲੌਡਰਮਿਲਕ ਦਾ ਨਾਮ ਸੁਣਿਆ ਐ ਕਦੀ ਤੁਸੀਂ ?

**ਹਰਜਿੰਦਰ** : ਜ਼ਮੀਨ ਸੰਭਾਲ ਅੰਦੋਲਣ? ਡਾ. ਵਾਲਟਰ ਲੌਡਰਮਿਲਕ? ਨਹੀਂ ਜੀ ਸੁਣਿਆ ਨਹੀਂ !

**ਅਰਵਿੰਦ** : ਇਹ ਅਜਿਹੇ ਵਿਗਿਆਨੀ ਸਨ ਜਿਨ੍ਹਾਂ ਨੇ ਉਨ੍ਹਾਂ ਮੁਲਕਾਂ ਦੇ ਖੇਤੀ ਸਬੰਧੀ ਦਸਤਾਵੇਜਾਂ ਦਾ ਅਧਿਅਨ ਕੀਤਾ ਜਿਥੇ ਸੈਂਕੜੇ ਹਜਾਰਾਂ ਸਾਲਾਂ ਤੋਂ ਖੇਤੀ ਕੀਤੀ ਜਾਂਦੀ ਰਹੀ ਸੀ !

**ਅਰਜੁਨ:** ਕੀ ਨਿਕਲਿਆ ਨਤੀਜਾ ਉਨ੍ਹਾਂ ਦੀ ਖੋਜ ਦਾ ?

**ਅਰਵਿੰਦ** : ਲਓ ਸੁਣੋ ਸਿੱਟਾ ਜੋ ਕੱਢਿਆ ਡਾ. ਵਾਲਟਰ ਲੌਡਰਮਿਲਕ ਨੇ ! ਭੋਂ ਖੋਰ, ਜੰਗਲਾਂ ਦੀ ਕਟਾਈ, ਜਿਆਦਾ ਚਰਾਂਦਾਂ , ਜ਼ਮੀਨ ਵੱਲ ਤਵਜੋਂ ਦੀ ਘਾਟ, ਖੇਤੀ ਕਰਨ ਵਾਲਿਆਂ ਤੇ ਪਸ਼ੂ ਚਾਰਨ ਵਾਲਿਆਂ ਵਿੱਚ ਟਕਰਾਅ ਬਣੇ ਨੇ ਕਾਰਨ ਸਲਤਨਤਾਂ ਦੇ ਅੰਤ ਦਾ ਤੇ ਪੂਰੀਆਂ ਦੀਆਂ ਪੂਰੀਆਂ ਸੱਭਿਅਤਾਵਾਂ ਦੇ ਨੇਸਤੋ ਨਬੂਦ ਦਾ !

**ਹਰਜਿੰਦਰ:** ਕੀ ਇਸ ਤਬਾਹੀ ਨੂੰ ਰੋਕਣ ਦੇ ਸਮਝਾਏ ਕੋਈ ਹੀਲੇ-ਵਸੀਲੇ ਡਾ. ਵਾਲਟਰ ਲੌਡਰਮਿਲਕ ਨੇ ?

**ਅਰਵਿੰਦ** : ਹਾਂ ਦੱਸੇ ! ਉਨ੍ਹਾਂ ਨੇ ਕਿਹਾ ਕਿ ਧਰਤੀ ਦੇ ਸ੍ਰੋਤਾਂ ਦਾ ਸਹੀ ਪ੍ਰਬੰਧ, ਪੌੜੀਦਾਰ ਖੇਤੀ, ਫਸਲੀ ਚੱਕਰ, ਤੇ ਭੌਂ ਸੰਭਾਲ ਵਿਧੀਆਂ ਦੀ ਵਰਤੋਂ ਨਾਲ ਕਈ ਸੱਭਿਅਤਾਵਾਂ ਪਣਪਦੀਆਂ ਰਹੀਆਂ ਸਦੀਆਂ ਤੱਕ ਵੀ !

**ਅਰਜੁਨ:** ਅਜਿਹੀ ਸਫਲਤਾ ਦੀ ਵੀ ਤਾਂ ਪਾ ਦਿਓ ਕੋਈ ਬਾਤ!

**ਅਰਵਿੰਦ:** ਡਾ. ਵਾਲਟਰ ਲੌਡਰਮਿਲਕ ਨੇ ਸਹਾਰਾ ਮਾਰੂਥਲ ਦੇ ਲਾਗੇ ਤਬੀਸਾ ਤੋਂ ਕਰੀਬ 70 ਮੀਲ ਦੇ ਫਾਸਲੇ 'ਤੇ ਇੱਕ ਮਾਰਕੇ ਦੀ ਗੱਲ ਲੱਭ ਲਈ! ਉਹ ਸੀ ਪਾਣੀ ਸਹੇਜਣ ਦੀ ਤੇ ਸੰਭਾਲਣ ਦੀ ਇੱਕ ਬਹੁਤ ਹੀ ਕਾਰਗਰ ਪੁਰਾਤਨ ਵਿਧੀ !

**ਹਰਜਿੰਦਰ:** ਕੀ ਸੀ ਅਜਿਹੀ ਕਾਰਗਾਰ ਵਿਧੀ ?

**ਅਰਵਿੰਦ** : ਕਿਸੇ ਵਕਤ ਰੋਮਨ ਜਾਂ ਰੋਮਨ ਪੂਰਵ ਕਾਲ ਦੌਰਾਨ , ਇਸ ਇਲਾਕੇ ਦੇ ਲੋਕ ਪਾਣੀ ਰੋਕੂ ਬੰਨ੍ਹ ਬਣਾ ਲੈਂਦੇ ਸਨ ! ਇਨ੍ਹਾਂ ਬੰਨ੍ਹਾਂ ਰਾਹੀਂ ਉਹ ਢਲਾਣਾਂ ਉਪਰ ਵਹਿ ਰਹੇ ਹੜ੍ਹਾਂ ਦੇ ਪਾਣੀ ਨੂੰ ਮੋੜ ਕੇ ਨਹਿਰਾਂ ਵਿੱਚ ਪਾ ਦਿੰਦੇ ਸਨ ! 'ਤੇ ਇਸ ਪਾਣੀ ਨੂੰ ਉਹ ਪੌੜੀਦਾਰ ਖੇਤਾਂ ਦੀ ਲੜੀ ਵਿੱਚ ਲੈ ਜਾਂਦੇ ਸਨ ।

**ਅਰਜੁਨ:** ਅੱਛਾ ! ਇਸ ਪਾਣੀ ਨਾਲ ਉਹ ਖੇਤੀ ਕਰਨ ਵਿੱਚ ਕਿੰਨੇ ਕੁ ਸਫਲ ਹੁੰਦੇ ਹੋਣਗੇ ?

**ਅਰਵਿੰਦ** : ਸਫਲ ਵਰਗੇ ਸਫਲ ? ਰੋਮਨ ਕਾਲ ਵਿੱਚ ਤਾਂ ਬਹੁਤ ਹੀ ਕਮਾਲ ਦਾ ਭੋਂ ਤੇ ਜਲ ਸੰਭਾਲ ਪ੍ਰਬੰਧ ਸੀ !

**ਹਰਜਿੰਦਰ** : ਇਸ ਪ੍ਰਬੰਧ ਵਿੱਚ ਉਹ ਖੇਤੀ ਕਿਸ ਚੀਜ ਦੀ ਕਰਦੇ ਹੋਣਗੇ ?

**ਅਰਵਿੰਦ** : ਖੇਤੀ ? ਢਲਾਣਾਂ 'ਤੇ ਤਾਂ ਉਹ ਲਾਉਂਦੇ ਸਨ ਬਾਗ ਤੇ ਅੰਗੂਰਾਂ ਦੀਆਂ ਵੇਲਾਂ !

**ਅਰਜੁਨ:** ਅਨਾਜ ਦਾ ਕੀ ਕਰਦੇ ਹੋਣਗੇ ?

**ਅਰਵਿੰਦ :** ਅਨਾਜ ? ਬੀਜਦੇ ਸਨ ਉਹ ਅਨਾਜ ਵੀ ! ਅਨਾਜ ਬੀਜਿਆ ਜਾਂਦਾ ਸੀ ਘਾਟੀਆਂ ਦੇ ਵਿੱਚ !

**ਹਰਜਿੰਦਰ:** ਵਾਹ ! ਇਹ ਤਾਂ ਬਹੁਤ ਹੀ ਚੰਗੇ ਸਬਕ ਨੇ ! ਪਰ ਤਾਂ ਜੇ ਅਸੀਂ ਕੁੱਝ ਰੱਤੀ-ਭੋਰਾ ਇਨ੍ਹਾਂ ਤੋਂ ਸਿੱਖ ਸਕੀਏ !

**ਅਰਵਿੰਦ:**ਹਤਾਸ਼ ਨਾ ਹੋਵੋ ! ਆਹ ਰੋਹੀ ਬੀਆਬਾਨ ਇਲਾਕੇ ਵਿੱਚ ਵੀ ਸਨ ਵਗਦੇ ਦਰਿਆ ਤੇ ਲਹਿ ਲਹਾਉਂਦੇ ਖੇਤ ! ਸੰਸਾਰ ਵਿੱਚ ਹੋਰ ਵੀ ਨੇ ਕਈ ਮਿਸਾਲਾਂ ਤੇ ਅਨੁਭਵ ਹੋਰ ਵੀ ਸੁਖਾਂਵੇਂ ਤੇ ਪ੍ਰੇਰਣਾਦਾਇਕ !

**ਅਰਜੁਨ:** ਹੋਰ ਕਿਹੜੇ ਨੇ ਜੀ ਅਜਿਹੇ ਅਨੁਭਵ?

**ਅਰਵਿੰਦ :** ਜਪਾਨ ! ਚੜ੍ਹਦੇ ਸੂਰਜ ਦਾ ਦੇਸ ਜਪਾਨ ! ਪਰ ਹੁਣ ਸਾਨੂੰ ਚੱਲਣਾ ਪਵੇਗਾ ! ਹਨੇਰਾ ਹੋ ਰਿਹਾ ਹੈ ! ਚਾਹਵਾਲਾ ਵੀ ਆਪਣੀ ਦੁਕਾਨ ਬੰਦ ਕਰ ਰਿਹਾ ਹੈ !

**ਹਰਜਿੰਦਰ:** ਉਹ ! ਗੱਲਾਂ -ਗੱਲਾਂ 'ਚ ਪਤਾ ਹੀ ਨਹੀਂ ਚਲਿਆ ! ਹਨੇਰਾ ਕਦ ਹੋ ਗਿਆ ? ਸਾਨੂੰ ਹੁਣ ਰਾਤ ਰੁਕਣ ਲਈ ਲੱਭਣਾ ਪੈਣਾ ਹੈ ਕੋਈ ਠਿਕਾਣਾ ! ਚਲੋ ਦੇਖਦੇ ਹਾਂ !

**ਅਰਵਿੰਦ :**ਤੁਸੀਂ ਅੱਜ ਰਾਤ ਮੇਰੇ ਤੰਬੂ ਵਿੱਚ ਵੀ ਕੱਟ ਸਕਦੇ ਓ ! ਪਰ ਜੇ ਤੁਹਾਡੇ ਸੈਰ ਸਪਾਟੇ ਵਿੱਚ ਵਿਘਣ ਨਾ ਪਾਵੇ !

**ਹਰਜਿੰਦਰ:** ਨਹੀਂ ਜੀ ! ਸਾਡੀ ਤਾਂ ਖੁਸ਼ਕਿਸਮਤੀ ਹੋਵੇਗੀ ਆਪਜੀ ਦਾ ਸਾਥ !

**ਅਰਵਿੰਦ :** ਤਾਂ ਆਓ ! ਤੰਬੂ ਵੱਲ ਜਾਂਦੇ-ਜਾਂਦੇ ਮੈਂ ਸੁਣਾਵਾਂਗਾ ਤੁਹਾਨੂੰ ਕਹਾਣੀ ਵੀ, ਇੱਕ ਤੀਲਾ ਕਰਾਂਤੀ ਦੀ !

**ਅਰਜੁਨ:** ਉਹ ! ਅਸੀਂ ਤਾਂ ਚਾਹ ਦੇ ਪੈਸੇ ਵੀ ਨਹੀਂ ਦਿੱਤੇ !

**ਅਰਵਿੰਦ :** ਚਲੋ ਓਹ ਮੇਰੇ ਖਾਤੇ ਪਾ ਦਿਓ ! ਆਓ ! ਇਧਰ ਨੂੰ ਆਓ !

**ਹਰਜਿੰਦਰ:** ਸਰ ! ਆਹ ਇੱਕ ਤੀਲਾ ਕਰਾਂਤੀ ਕੀ ਐ ? ਕੀ ਇਹ ਕੋਈ ਲਹਿਰ ਸੀ ?

**ਅਰਵਿੰਦ:**ਤੁਸੀਂ ਇਸ ਨੂੰ ਇਵੇਂ ਹੀ ਸਮਝ ਲਓ! ਦਰਅਸਲ ਇਹ ਤਾਂ ਹੈ ਸਿਰਲੇਖ, ਇੱਕ ਸੰਸਾਰ ਪ੍ਰਸਿੱਧ ਕਿਤਾਬ ਦਾ!

**ਅਰਜੁਨ:** ਸਰ ! ਕਿਸਨੇ ਲਿਖੀ ਹੈ ਇਹ ਐਨੀ ਪ੍ਰਸਿੱਧ ਕਿਤਾਬ ?

**ਅਰਵਿੰਦ :** ਲੇਖਕ ਨੇ ਇਸ ਦੇ ਮਸਾਨੋਬੂ ਫੁਕੂਓਕਾ !

**ਹਰਜਿੰਦਰ:** ਕੀ ਲਿਖਿਆ ਹੈ ਇਸ ਕਿਤਾਬ ਵਿੱਚ ?

**ਅਰਵਿੰਦ:** ਇਸ ਵਿੱਚ ਕਹਾਣੀ ਹੈ ਖੇਤੀ ਦੇ ਸਮੁੱਚੇ ਪਰਿਪੇਖ ਦੀ, ਭੌਂ ਸੰਭਾਲ, ਪਾਣੀ ਸੰਭਾਲ, ਧਰਤੀ ਦ੍ਰਿਸ਼ਬੰਦੀ ਨਾਲ ਵੰਨ-ਸੁਵੰਨਤਾ ਦੇ ਟਿਕਾਊਪਨ ਦੀ! ਸੱਭ ਤੋਂ ਉਪਰ ਕਹਾਣੀ ਹੈ ਇੱਕ ਫਲਸਫੇ ਦੀ ! ਟਿਕਾਊਪਨ ਦੇ ਫਲਸਫੇ ਦੀ !

**ਅਰਜੁਨ:** ਲੱਗਦੀ ਹੈ ਕਿੰਨੀ ਪ੍ਰਭਾਵਸ਼ਾਲੀ !

**ਅਰਵਿੰਦ:** ਟੁੰਬਣ ਵਾਲੀ ਤਾਂ ਹੈ ਹੀ! ਫੁਕੂਓਕਾ ਨੇ ਤਾਂ ਕਰ ਦਿੱਤੇ ਪੈਦਾ ਸੰਗਤਰੇ ਤੇ ਅਨਾਜ ਤੇ ਚਾਵਲ ਇੱਕੋ ਹੀ ਖੇਤ ਵਿੱਚ!ਉਨ੍ਹਾਂ ਕਿਹਾ ਕੁਦਰਤੀ ਸੰਤੁਲਨ ਨੂੰ ਬਣਾਏ ਰੱਖਣ ਦੇ ਲਈ ਜਰੂਰੀ ਹੈ ਕਿ ਦਖਲ ਅੰਦਾਜ਼ੀ ਘੱਟੋ ਘੱਟ ਕੀਤੀ ਜਾਵੇ !

**ਹਰਜਿੰਦਰ :** ਹਾਂ ਜੀ ਕੁਦਰਤੀ ਸੰਤੁਲਣ ਤਾਂ ਜਰੂਰੀ ਹੈ ਕਿਉਂ ਜੋ ਕੁਦਰਤ ਵਿੱਚ ਤਾਂ ਕੁੱਝ ਨਾ ਕੁੱਝ ਟੁੱਟਦਾ - ਬਣਦਾ ਹੀ ਰਹਿੰਦਾ ਹੈ ਤੇ ਸੰਤੁਲਣ ਵਿਗੜਨ ਨਾਲ ਇਨ੍ਹਾਂ ਚੱਕਰਾਂ ਵਿੱਚ ਪੈ ਜਾਵੇਗੀ ਖਲਲ!

**ਅਰਵਿੰਦ** : ਹਾਂ ! ਉਨ੍ਹਾਂ ਦਾ ਪੱਕਾ ਵਿਸ਼ਵਾਸ਼ ਸੀ ਕਿ ਕੀਟ - ਪਤੰਗਿਆਂ ਦੇ ਮਾਰਨ ਲਈ ਵਰਤੇ ਜਾਂਦੇ ਕੀਟ ਨਾਸ਼ਕ ਇਸ ਕੁਦਰਤੀ ਸੰਤੁਲਣ ਨੂੰ ਵਿਗਾੜ ਦਿੰਦੇ ਹਨ !

**ਹਰਜਿੰਦਰ:** ਨਾਲੇ ਕੀਟ ਖਾਣ ਵਾਲੇ ਜਾਨਵਰ ਮਰ ਜਾਂਦੇ ਨੇ !

**ਅਰਵਿੰਦਰ:** ਤੇ ਹੋਰ ਜਿਆਦਾ ਖਤਰਨਾਕ ਕੀਟ ਕਰ ਦਿੰਦੇ ਨੇ ਹੋਰ ਵੀ ਵੱਡਾ ਹਮਲਾ !

**ਅਰਜੁਨ:** ਅੱਛਾ ਇਹ ਦੱਸੋ ਕਿ ਕੀ ਉਹ ਆਪਣੇ ਇਸ ਫਲਸਫੇ ਨਾਲ ਝਾੜ ਵਧਾਉਣ ਵਿੱਚ ਸਫਲ ਹੋਏ ਜਾ ਨਾਂ ?

**ਅਰਵਿੰਦ** : ਹਾਂ ! ਕਿਉਂ ਨਹੀਂ ! ਅੱਜ ਕੱਲ ਤਾਂ ਉਨ੍ਹਾਂ ਦਾ ਸੰਦੇਸ਼ ਹੋਰ ਵੀ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ !

**ਹਰਜਿੰਦਰ:** ਭੋਜਨ ਸੰਕਟ ਤੇ ਗੁਣ ਸੂਤਰ ਬਦਲਾਅ ਫਸਲਾਂ ਬਾਬਤ ਪ੍ਰਚੱਲਤ ਸੋਚ 'ਤੇ ਕੀ ਹੈ ਪ੍ਰਭਾਵ ਇਸ ਫਲਸਫੇ ਦਾ ?

**ਅਰਵਿੰਦ:** ਪ੍ਰਭਾਵ! ਬੇਹੱਦ ਪ੍ਰਭਾਵਤ ਕੀਤਾ ਹੈ ਇਸ ਫਲਸਫੇ ਨੇ ! ਪਸ਼ੂ ਪਾਲਣ ਤੇ ਗੁਣ ਸੂਤਰ ਬਦਲਾਅ ਫਸਲਾਂ ਬਾਬਤ ਸਾਡੀ ਪ੍ਰਚੱਲਤ ਸੋਚ ਨੂੰ ! ਚੱਲ ਰਹੀ ਧਾਰਨਾ ਬਾਬਤ ਨਜ਼ਰਸਾਨੀ ਕਰਨ ਲਈ ਹੋਣਾ ਪਿਆ ਹੈ ਸਾਨੂੰ ਮਜਬੂਰ !

**ਅਰਜੁਨ:** ਵਾਹ ! ਲੱਗਦਾ ਐ ਕਿ ਇਹ ਤਾਂ ਕਮਾਲ ਦੀ ਕਿਤਾਬ ਹੋਵੇਗੀ !

**ਹਰਜਿੰਦਰ:** ਕਿੱਥੇ ਮਿਲੇਗੀ ਇਹ ਅਨਮੋਲ ਕਿਤਾਬ ਸਰ ?

**ਅਰਵਿੰਦ** : ਮੈਂ ਕਰ ਸਕਦਾ ਹਾਂ ਭੇਟ ਤੁਹਾਨੂੰ ਇਹ ਕਿਤਾਬ ! ਪਰ ਇੱਕ ਸ਼ਰਤ ਹੈ !

**ਅਰਜੁਨ** : ਉਹ ਕੀ ਸਰ ?

**ਅਰਵਿੰਦ:** ਮੈਂ ਬਹੁਤ ਵਧੀਆਂ ਖਿਚੜੀ ਬਣਾਉਂਦਾ ਹਾਂ! ਤੁਹਾਨੂੰ ਇੱਕ ਦੀ ਚੋਣ ਕਰਨੀ ਪਵੇਗੀ ! ਖਿਚੜੀ ਜਾਂ ਕਿਤਾਬ ?

**ਹਰਜਿੰਦਰ:** ਸਰ ! ਮੈਂ ਤਾਂ ਚੋਣ ਵਿੱਚ ਪੂਰਾ ਹਾਂ ਮਾਹਰ ! ਕਰ ਵੀ ਲਿਆ ਮੈਂ ਤਾਂ ਫੈਸਲਾ ਸਰ !

**ਅਰਵਿੰਦ** : ਹੈਂ ! ਐਡੀ ਛੇਤੀ ? ਕਾਹਲ ਨਾ ਕਰ ! ਕਾਹਲ ਵਿੱਚ ਫੈਸਲੇ ਗਲਤ ਹੋ ਜਾਂਦੇ ਨੇ !

**ਅਰਜੁਨ:** ਨਹੀਂ ਸਰ ! ਕਈ ਵਾਰ ਫੈਸਲਾ ਦੇਰੀ ਨਾਲ ਲੈਣ ਕਰਕੇ ਹੀ ਹੋ ਜਾਂਦਾ ਹੈ ਵੱਡਾ ਨੁਕਸਾਨ !

**ਅਰਵਿੰਦ** : ਚਲ ਹਰਜਿੰਦਰ ! ਸੁਣਾ ਤੇਰਾ ਕੀ ਐ ਫੈਸਲਾ ? ਖਿਚੜੀ ਜਾਂ ਕਿਤਾਬ ?

**ਹਰਜਿੰਦਰ:** ਖਿਚੜੀ ਖਾ ਕੇ ਲਵਾਂਗੇ ਕਿਤਾਬ !

ਸਾਰੇ ਹੱਸਦੇ ਨੇ !

**ਵਿਗਿਆਨ ਪ੍ਰਸ਼ਨੋਤਰੀ**

**ਪ੍ਰਸ਼ਨ1.** ਰਾਜਸਥਾਨ ਦੇ ਲੋਕ ਪਾਣੀ ਕਿਵੇਂ ਸਹੇਜਦੇ ਸਨ ?
ਉੱਤਰ: ਅਗੋਰਾਂ ਦੁਆਰਾ ਬਾਰਸ਼ ਦਾ ਪਾਣੀ ਜਮ੍ਹਾ ਕਰਕੇ
**ਪ੍ਰਸ਼ਨ2.** ਤੀਲਾ ਕ੍ਰਾਂਤੀ ਕੀ ਹੈ ?
ਉੱਤਰ: ਇਹ ਹੈ ਕਿਤਾਬ ਮਸਾਨੋਬੂ ਫੁਕੁਓਕਾ ਦੀ ਲਿਖੀ ਟਿਕਾਊਪਣ ਦੇ ਫਲਸਫੇ ਬਾਬਤ !